Roll No. ..................

Total No. of Questions : 7]

004

[Total No. of Printed Pages : 3

SS

2087

ਸਲਾਨਾ ਪਰੀਖਿਆ ਪ੍ਰਨਾਲੀ

# PUNJABI (Elective)

(Evening Session)

Time allowed : Three hours

Maximum marks : 90

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ 004 ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(v) ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।

1. ਪੁੱਛੇ ਗਏ ਵਸਤੂਨਿਸ਼ਠ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਸ਼ਾਹ ਹੁਸੈਨ ਅਨੁਸਾਰ ਮਨੁੱਖ ਨੂੰ ਅਡੰਬਰ ਤਿਆਗ ਕੇ ਕੀ ਕਰਨਾ ਚਾਹੀਦਾ ਹੈ ?

(ਅ) ਕੰਨ ਕਾਹਦੇ ਨਾਲ਼ ਨਹੀਂ ਰੱਜਦੇ ?

(ੲ) ਗੁਰੂ ਗੋਬਿੰਦ ਸਿੰਘ ਜੀ ਨੇ ਕਿਹੜੀ ਵਾਰ ਲਿਖੀ ?

(ਸ) ਵਾਰਿਸ ਸ਼ਾਹ ਕਿਸ ਧਾਰਾ ਦਾ ਕਵੀ ਹੈ ?

(ਹ) ਪ੍ਰਿੰ: ਤੇਜਾ ਸਿੰਘ ਕੋਲ਼ ਖੂੰਡੀ ਤੋਂ ਇਲਾਵਾ ਹੋਰ ਕੀ ਹੁੰਦਾ ਸੀ ?

(ਕ) ਡਾ: ਮਹਿੰਦਰ ਸਿੰਘ ਰੰਧਾਵਾ ਕਮਜ਼ੋਰ ਮੁੰਡਿਆਂ ਨੂੰ ਕਿਹੜੇ-ਕਿਹੜੇ ਵਿਸ਼ੇ ਮੁਫ਼ਤ ਪੜ੍ਹਾਉਂਦਾ ਸੀ ?

(ਖ) ਪੰਜਾਬੀ ਦਾ ਪਹਿਲਾ ਨਾਟਕਕਾਰ ਕੌਣ ਹੈ ?

(ਗ) 8+8+8+8 ਜਾਂ 7 = 32 ਜਾਂ 31 ਵਰਨਾਂ ਤੇ ਚਾਰ ਤੁਕਾਂ ਵਾਲਾ ਛੰਦ ਕਿਹੜਾ ਹੁੰਦਾ ਹੈ ?

(ਘ) ਜਦੋਂ ਕਾਵਿ-ਤੁਕ ਵਿੱਚ ਸ਼ਬਦਾਂ ਜਾਂ ਵਰਨਾਂ ਦਾ ਵਾਰ-ਵਾਰ ਦੁਹਰਾਓ ਹੋਵੇ ਤਾਂ ਕਿਹੜਾ ਅਲੰਕਾਰ ਹੁੰਦਾ ਹੈ ?

(ਙ) ਬੀਭਤਸ ਰਸ ਦਾ ਸਥਾਈ ਭਾਵ ਕਿਹੜਾ ਹੈ ? 10×1=10

2. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥

(ਅ) ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥
ਬ੍ਰਹਮ ਬਿੰਦੇ ਸੋ ਬ੍ਰਾਹਮਣੁ ਹੋਈ ॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸ ਗਰਬੁ ਤੇ ਚਲਹਿ ਬਹੁਤ ਵਿਕਾਰਾ ॥

(ੲ) ਭੁੱਲ ਗਏ ਉਹ ਫਖਰ ਰੰਨਾਂ ਦੇ, ਲਾਫ਼ਾਂ ਵਿਸਰ ਗਈਆਂ ।
ਯੂਸਫ਼ ਵਲ ਤਾਰਿਆਂ ਵਾਂਙੂ, ਤਰ ਤਰ ਵੇਖਣ ਪਈਆਂ ।
ਛੁਰੀਆਂ ਨਾਲ ਤ੍ਰੁੰਜੀ ਕਰਦਿਆਂ, ਪੁਰਜ਼ੇ ਹੱਥ ਕੀਤੇ ਨੇ ।
ਕਲਮ ਅੰਗੁਸ਼ਤਾ, ਸ਼ਿੰਗਰਫ਼ ਹੋਈਆਂ, ਸਰ ਖ਼ਤ ਲਿਖ ਦਿਤੇ ਨੇ ।

(ਸ) ਇੱਕ ਰੋਜ਼ ਵਡਾਲੇ ਦੇ ਵਿੱਚ ਬੈਠੇ, ਚੱਲੀ ਆਨ ਅੰਗਰੇਜ਼ ਦੀ ਬਾਤਆਈ ।
ਸਾਨੂੰ ਆਖਿਆ ਹੀਰੇ ਤੇ ਨੂਰ ਖਾਂ ਨੇ, ਜਿਨ੍ਹਾਂ ਨਾਲ ਸਾਡੀ ਮੁਲਾਕਾਤ ਆਈ ।
ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ, ਸਿਰ ਦੋਹਾਂ ਦੇ ਉੱਤੇ ਆਫ਼ਾਤ ਆਈ ।
ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ, ਕਦੇ ਨਹੀਂ ਸੀ ਤੀਸਰੀ ਜਾਤ ਆਈ । 8+8=16

3. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ :

(ੳ) ਮੁਸ਼ਕਲ ਘਾਟ ਫਕੀਰੀ ਦਾ

(ਅ) ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ

(ੲ) ਜੋਗੀ ਦੀ ਫੇਰੀ । 5

4. ਪੰਜਾਬੀ ਬੀਰ-ਕਾਵਿ ਧਾਰਾ ਦੀਆਂ ਪ੍ਰਾਪਤੀਆਂ ਸੰਬੰਧੀ ਵਿਸਥਾਰ ਸਹਿਤ ਜਾਣਕਾਰੀ ਦਿਓ ।

ਜਾਂ

ਸਾਈਂ ਬੁੱਲ੍ਹੇ ਸ਼ਾਹ ਦੇ ਜੀਵਨ, ਉਸ ਦੀ ਰਚਨਾ ਤੇ ਕਾਵਿ-ਕਲਾ ਉੱਤੇ ਇੱਕ ਲੇਖ ਲਿਖੋ । 15

5. 'ਆਪ-ਬੀਤੀਆਂ ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਕਿਸੇ ਪੰਜ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(ੳ) 'ਐਬਟਾਬਾਦ' ਸ੍ਵੈ-ਜੀਵਨੀ-ਅੰਸ਼ ਵਿੱਚੋਂ ਪ੍ਰੋ: ਪੂਰਨ ਸਿੰਘ ਦੀ ਕਿਹੋ-ਜਿਹੀ ਸ਼ਖ਼ਸੀਅਤ ਉੱਭਰਦੀ ਹੈ ?

(ਅ) ਸਾਹਿਬ ਸਿੰਘ ਨੇ ਡਾਕਖ਼ਾਨੇ ਦੀ ਨੌਕਰੀ ਕਿਉਂ ਛੱਡੀ ਸੀ ? ਨੌਕਰੀ ਛੱਡਣ ਉਪਰੰਤ ਉਸ ਨੇ ਕੀ ਕੰਮ ਕੀਤਾ ?

(ੲ) ਲੇਖਕ ਗੁਰਬਖ਼ਸ਼ ਸਿੰਘ ਦੀ ਸ਼ਖ਼ਸੀਅਤ ਵਿੱਚ ਉਹ ਕਿਹੜੇ ਗੁਣ ਸਨ, ਜਿਨ੍ਹਾਂ ਸਦਕਾ ਉਹ ਹਰ ਨਵੀਂ ਥਾਂ ਚੰਗੇ ਮਨੁੱਖੀ ਸੰਬੰਧ ਬਣਾ ਲੈਂਦਾ ਸੀ ?

(ਸ) ਲੋਕ ਸਿੰਬਾ ਤੋਂ ਕਿਉਂ ਡਰਦੇ ਸਨ ?

(ਹ) ਅੰਮ੍ਰਿਤਾ ਪ੍ਰੀਤਮ ਦੇ ਪਿਤਾ ਦੇ ਮੱਥੇ ਉੱਤੇ ਤਿਊੜੀ ਕਿਉਂ ਪੈ ਗਈ ?

(ਕ) ਲੇਖਿਕਾ ਪ੍ਰਭਜੋਤ ਦੇ ਜਨਮ ਉਪਰੰਤ ਉਸ ਦੇ ਘਰ ਦੇ ਮੈਂਬਰਾਂ ਅਤੇ ਰਿਸ਼ਤੇਦਾਰਾਂ ਦੀ ਪ੍ਰਤਿਕਿਰਿਆ ਨੂੰ ਆਪਣੇ ਸ਼ਬਦਾਂ ਵਿਚ ਲਿਖੋ ।

(ਖ) ਲੋਕ-ਸਾਹਿਤ ਇਕੱਤਰ ਕਰਨ ਲਈ ਲੇਖਕ ਨੂੰ ਕਿਸ ਤਰ੍ਹਾਂ ਦੇ ਯਤਨ ਕਰਨੇ ਪਏ ? ਆਪਣੀ ਸੋਚ ਦੇ ਗਹਿਰੇ ਸਾਏ ਪਾਠ ਦੇ ਆਧਾਰ 'ਤੇ ਉੱਤਰ ਲਿਖੋ ।

(ਗ) ਧੀ ਦਾ ਬਾਪ ਬਣਨ ਦੀ ਖ਼ਬਰ ਸੁਣ ਕੇ ਦਾਰਾ ਸਿੰਘ ਨੇ ਕੀ ਮਹਿਸੂਸ ਕੀਤਾ ? 5×4=20

6. 'ਸਾਹਿਤ-ਬੋਧ' ਪਾਠ-ਪੁਸਤਕ ਵਿੱਚੋਂ ਪੁੱਛੇ ਕਿਸੇ ਇੱਕ ਸਾਹਿਤ-ਰੂਪ ਬਾਰੇ ਨੋਟ ਲਿਖੋ :

(ੳ) ਕਵਿਤਾ

(ਅ) ਨਿੱਕੀ ਕਹਾਣੀ

(ੲ) ਸ੍ਵੈ-ਜੀਵਨੀ । 12

7. ਪੁੱਛੇ ਗਏ ਛੰਦਾਂ, ਅਲੰਕਾਰਾਂ ਅਤੇ ਰਸਾਂ ਬਾਰੇ ਉਦਾਹਰਨਾਂ ਸਹਿਤ ਉੱਤਰ ਦਿਓ :

(ੳ) ਚੌਪਈ ਜਾਂ ਕੋਰੜਾ ਛੰਦ

(ਅ) ਉਪਮਾ ਜਾਂ ਦ੍ਰਿਸ਼ਟਾਂਤ ਅਲੰਕਾਰ

(ੲ) ਕਰੁਣ ਜਾਂ ਭਿਆਨਕ ਰਸ । 4+4+4=12